# ਮਾਡਲ ਟੈਸਟ ਪੇਪਰ

## 2022-23

## ਵਿਸ਼ਾ ਹੋਮ ਸਾਇੰਸ

## ਜਮਾਤ ਅੱਠਵੀਂ

**ਸਮਾਂ 3 ਘੰਟੇ** **ਕੁੱਲ ਅੰਕ-40**

1. ਪ੍ਰਸ਼ਨ ਪੱਤਰ ਵਿੱਚ ਕੁਲ 25 ਪ੍ਰਸ਼ਨ ਹੋਣਗੇ।
2. ਪ੍ਰਸ਼ਨ ਪੱਤਰ ਤਿੰਨ ਭਾਗਾਂ ਵਿੱਚ ਵੰਡਿਆ ਹੋਵੇਗਾ। ਹਰ ਭਾਗ ਸਾਰੇ ਪਾਠ-ਕ੍ਰਮ ਤੇ ਅਧਾਰਿਤ ਹੋਵੇਗਾ।

ਭਾਗ-1 ਵਿੱਚ (12) ਵਸਤੂ ਨਿਸ਼ਨ ਪ੍ਰਸ਼ਨ (1 ਤੋਂ 12 ) ਪੁੱਛੇ ਜਾਣਗੇ। ਹਰ ਪ੍ਰਸ਼ਨ ਇੱਕ ਅੰਕ ਦਾ ਹੋਵੇਗਾ । ਵਸਤੂਨਿਸ਼ਠ ਪ੍ਰਸ਼ਨ ਇੱਕ ਸ਼ਬਦ ਤੋਂ ਇੱਕ ਵਾਕ ਤੱਕ ਦੇ ਉੱਤਰ ਵਾਲੇ, ਖਾਲੀ ਥਾਵਾਂ ਭਰੋ ਜਾਂ ਠੀਕ/ਗਲਤ ਜਾਂ ਬਹੁਭਾਂਤੀ, ਕਿਸੇ ਵੀ ਤਰ੍ਹਾਂ ਦੇ ਹੋ ਸਕਦੇ ਹਨ।
12x1=12

ਭਾਗ-II ਵਿੱਚ 9 ਛੋਟੇ ਉਤਰਾਂ ਵਾਲੇ ਪ੍ਰਸ਼ਨ (13 ਤੋ 21) ਪੁੱਛੇ ਜਾਣਗੇ, ਜਿਨ੍ਹਾਂ ਵਿੱਚ ਕੋਈ ਛੇ ਪ੍ਰਸ਼ਨ ਕਰਨੇ ਲਾਜ਼ਮੀ ਹੋਣਗੇ। ਹਰ ਪ੍ਰਸ਼ਨ 3 ਅੰਕ ਦਾ ਹੋਵੇਗਾ।
6x3=18

ਭਾਗ-III ਵਿੱਚ ਚਾਰ (4) ਪ੍ਰਸ਼ਨ (22 ਤੋਂ 25 ) ਪੁੱਛੇ ਜਾਣਗੇ, ਜਿਨ੍ਹਾਂ ਵਿੱਚੋਂ ਕੋਈ ਦੋ ਪ੍ਰਸ਼ਨ ਕਰਨੇ ਲਾਜ਼ਮੀ ਹੋਣਗੇ। ਹਰ ਪ੍ਰਸ਼ਨ 5 ਅੰਕ ਦਾ ਹੋਵੇਗਾ। 2x5=10

## ਭਾਗ-1

### ਵਸਤੂਨਿਸ਼ਠ ਪ੍ਰਸ਼ਨ

ਖਾਲੀ ਥਾਵਾਂ ਭਰੋ

1. ਕਾਰਬੋਹਾਈਡ੍ਰੇਟਸ ਸਾਨੂੰ __________ ਵਾਲੀਆਂ ਚੀਜ਼ਾਂ ਤੋਂ ਮਿਲਦਾ ਹੈ।
2. ਉੱਲੀ __________ਵਾਲੇ ਪਦਾਰਥਾਂ ਨੂੰ ਲੱਗਦੀ ਹੈ।
3. ਖਾਣਾ ਖਾਣ ਦੇ __________ਤਰੀਕੇ ਹਨ।
4. ਚੂਹੇ ਨਾਲ __________ਦੀ ਬਿਮਾਰੀ ਫੈਲਦੀ ਹੈ।
5. ਗਰਮੀ ਵਿੱਚ ਧੁੱਪ ਤੋਂ ਬਚਣ ਲਈ __________ ਦਾ ਪ੍ਰਯੋਗ ਕਰਨਾ ਚਾਹੀਦਾ ਹੈ।

ਕੇਵਲ ਇੱਕ ਲਾਈਨ ਵਿੱਚ ਉੱਤਰ ਦਿਉ

6. ਮੁੱਢਲੀ ਸਹਾਇਤਾ ਤੋਂ ਤੁਸੀਂ ਕੀ ਸਮਝਦੇ ਹੋ?
7. ਮਲੇਰੀਆ ਕਿਸ ਮੱਛਰ ਦੇ ਕੱਟਣ ਨਾਲ ਹੁੰਦਾ ਹੈ?
8. ਕਾਰਜਾਤਮਕ ਫਰਨੀਚਰ ਕੀ ਹੁੰਦਾ ਹੈ?
9. ਪਲੇਟਾਂ ਦੀ ਥਾਂ ਖਾਣਾ ਖਾਣ ਲਈ ਕੇਲੇ ਦੇ ਪੱਤੇ ਕਿੱਥੇ ਵਰਤੇ ਜਾਂਦੇ ਹਨ?

ਸਹੀ ਜਾਂ ਗਲਤ

10. ਬੈਕਟੀਰੀਆ ਭੋਜਨ ਨੂੰ ਮਿੱਠਾ ਕਰ ਦਿੰਦੇ ਹਨ। ()
11. ਕੱਪੜੇ ਦਿਖਾਵੇ ਵਾਸਤੇ ਪਾਏ ਜਾਂਦੇ ਹਨ। ()
12. ਦੁੱਧ ਨੂੰ ਉਬਾਲਣਾ ਨਹੀਂ ਚਾਹੀਦਾ। () **12×1=12**

## ਭਾਗ-II

### ਛੋਟੇ ਉੱਤਰਾਂ ਵਾਲੇ ਪ੍ਰਸ਼ਨ

ਕੋਈ ਛੇ ਪ੍ਰਸ਼ਨ ਕਰੋ

13. ਫਰਿੱਜ ਦੀ ਕੀ ਲੋੜ ਹੈ?
14. ਚੰਗੇ ਸ਼ਿਸਟਾਚਾਰ ਤੋਂ ਕੀ ਭਾਵ ਹੈ?
15. ਪੈਰਾਂ ਦੇ ਬੂਟ ਨਾਪ ਦੇ ਕਿਉਂ ਹੋਣੇ ਚਾਹੀਦੇ ਹਨ?
16. ਬੈਠਣ ਵਾਲੇ ਕਮਰੇ ਵਿੱਚ ਕਿਹੜਾ ਫਰਨੀਚਰ ਜ਼ਰੂਰੀ ਹੈ?

17.ਕਿਤਾਬਾਂ ਦੇ ਕੀੜੇ ਦੇ ਕੀ ਨੁਕਸਾਨ ਹਨ?

18.ਕੱਪੜੇ ਧੋਣ ਤੋਂ ਪਹਿਲਾਂ ਉਹਨਾਂ ਦੀ ਮੁਰੰਮਤ ਕਰਨੀ ਕਿਉਂ ਜ਼ਰੂਰੀ ਹੈ?

19.ਡਾਕਟਰ ਦੇ ਆਉਣ ਤੋਂ ਪਹਿਲਾਂ ਦਾਹ ਤੇ ਕੀ ਲਾਉਗੇ?

20.ਗਰਮ ਪਾਣੀ ਦਾ ਇਸਤੇਮਾਲ ਕਿੰਨ੍ਹਾਂ ਕੱਪੜਿਆਂ ਲਈ ਕੀਤਾ ਜਾਂਦਾ ਹੈ।

21.ਟੈਲਕਮ ਪਾਊਡਰ ਦੇ ਕੀ ਲਾਭ ਹਨ? **6×3=18**

**ਭਾਗ-III**

ਨਿਬੰਧਾਤਮਕ ਪ੍ਰਸ਼ਨ

ਕੋਈ ਦੋ ਪ੍ਰਸ਼ਨ ਕਰੋ

22.ਸਾਬਣ ਦਾ ਨਿੱਜੀ ਸਫਾਈ ਵਿੱਚ ਕੀ ਮੱਹਤਵ ਹੈ?

23.ਭੋਜਨ ਖਰਾਬ ਹੋਣ ਦੇ ਕੀ ਕਾਰਨ ਹਨ?

24.ਖਾਣਾ ਪਰੋਸਣ ਸਮੇਂ ਕਿੰਨ੍ਹਾਂ ਗੱਲਾਂ ਨੂੰ ਧਿਆਨ ਵਿੱਚ ਰੱਖਣਾ ਜ਼ਰੂਰੀ ਹੈ?

25.ਜੂੰਆਂ ਕਿੱਥੇ ਅਤੇ ਕਿਉਂ ਪੈ ਜਾਂਦੀਆਂ ਹਨ? **2×5=10**